ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-2 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ ।

ਮੀਮੋ ਨੰ: 26/116/16-2ਸਿ2/ 904801/1
ਮਿਤੀ, ਚੰਡੀਗੜ੍ਹ, 5/1/17

ਵਿਸ਼ਾ:- ਨਵ-ਨਿਯੁਕਤ ਪੀ.ਸੀ.ਐਮ.ਐਸ. ਮੈਡੀਕਲ ਅਫਸਰਾਂ ਨੂੰ ਐਨ.ਪੀ.ਏ. ਦੇਣ ਸਬੰਧੀ।

***

ਉਪਰੋਕਤ ਵਿਸ਼ੇ ਤੇ ਆਪ ਦੇ ਪੱ: ਨੰ: ਈ4(3) ਪੰ:/16/8838, ਮਿਤੀ 08-12-2016 ਦੇ ਹਵਾਲੇ ਵਿਚ ।

2. ਸਰਕਾਰ ਵੱਲੋਂ ਪੱ: ਨੰ: 26/116/16-2ਸਿ2/845773/1, ਮਿਤੀ 22-9-16 ਰਾਹੀਂ ਵਿੱਤ ਵਿਭਾਗ ਤੋਂ ਪ੍ਰਾਪਤ ਹੋਈ ਸਲਾਹ ਮਿਤੀ 5-9-16 ਦੇ ਸਨਮੁੱਖ ਨਵ-ਨਿਯੁਕਤ ਪੀ. ਸੀ. ਐਮ. ਐਸ. ਮੈਡੀਕਲ ਅਫਸਰਾਂ ਨੂੰ ਬੇਸਿਕ ਪੇਅ ਦਾ 25% ਐਨ.ਪੀ.ਏ. ਦੇਣ ਸਬੰਧੀ ਪੱਤਰ ਜਾਰੀ ਕੀਤਾ ਗਿਆ ਸੀ। ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵੱਲੋਂ ਆਪਣੇ ਅੰ: ਵਿ: ਪੱ: ਨੰ: 7/76/2016-4ਐਫ.ਪੀ.1/408, ਮਿਤੀ 5-9-16 ਰਾਹੀਂ ਦਿੱਤੀ ਸਲਾਹ ਦੀ ਲਗਾਤਾਰਤਾ ਵਿਚ ਆਪਣੇ ਅੰ: ਵਿ: ਪੱ: ਨੰ: 7/76/2016-4ਐਫ.ਪੀ.1/579, ਮਿਤੀ 28-12-16 ਰਾਹੀਂ ਹੁਣ ਸਪੱਸ਼ਟ ਕੀਤਾ ਹੈ ਕਿ ਨਵ-ਨਿਯੁਕਤ ਪੀ.ਸੀ.ਐਮ.ਐਸ. ਮੈਡੀਕਲ ਅਫਸਰਾਂ ਨੂੰ ਬੇਸਿਕ ਪੇਅ ਦਾ 25% ਐਨ.ਪੀ.ਏ. (Non Practice Allowance) ਮਿਤੀ 15-1-2015 ਤੋਂ ਲਾਗੂ ਹੋਵੇਗਾ।

3. ਵਿੱਤ ਵਿਭਾਗ ਤੋਂ ਪ੍ਰਾਪਤ ਹੋਈ ਉਕਤ ਸਪੱਸ਼ਟਤਾ ਦੇ ਮੱਦੇ-ਨਜ਼ਰ ਨਵ-ਨਿਯੁਕਤ ਪੀ.ਸੀ.ਐਮ.ਐਸ. ਮੈਡੀਕਲ ਅਫਸਰਾਂ ਨੂੰ ਐਨ.ਪੀ.ਏ. ਦੇਣ ਸਬੰਧੀ ਤੁਰੰਤ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ।

ਵਿਸ਼ੇਸ਼ ਸਕੱਤਰ ਸਿਹਤ

ਪਿੱ:ਅੰ: ਨੰ: 26/116/16-2ਸਿ2/904801/2-3 ਮਿਤੀ, ਚੰਡੀਗੜ੍ਹ 05/1/17

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸਮਰੂਪ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ :-

1. ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ, ਚੰਡੀਗੜ੍ਹ ।
2. ਡਾਇਰੈਕਟਰ, ਸਿਹਤ ਸੇਵਾਵਾਂ (ਸ.ਬ.), ਪੰਜਾਬ, ਚੰਡੀਗੜ੍ਹ ।

ਵਿਸ਼ੇਸ਼ ਸਕੱਤਰ ਸਿਹਤ

<u>ਅੰਦਰੂਨੀ ਵੰਡ</u> :-

1. ਸੁਪਰਡੰਟ ਸਿਹਤ 1 ਅਤੇ 4 ਸ਼ਾਖਾ ।
2. ਪੀ.ਏ./ਵਿਸ਼ੇਸ਼ ਸਕੱਤਰ, ਸਿਹਤ (ਵੈਬ ਸਾਈਟ ਤੇ ਪਾਉਣ ਹਿੱਤ) ।